# ਅੱਪਰਚਿਊਨਿਟੀਜ਼ ਓਨਟੇਰੀਓ: ਪ੍ਰੋਵਿੰਸ਼ਿਅਲ ਨਾਮਿਨੀ ਪ੍ਰੋਗਰਾਮ

**ਸਾਰ:**

ਇਮੀਗ੍ਰੈਂਟ ਵਿਅਕਤੀ ਓਨਟੇਰੀਓ ਦੀ ਮਜ਼ਦੂਰ ਮੰਡੀ ਵਿੱਚ ਆਪਣੇ ਵੱਡਮੁੱਲੇ ਹੁਨਰ ਅਤੇ ਗਿਆਨ ਲਿਆ ਕੇ ਸੂਬੇ ਦੇ ਅਰਥਚਾਰੇ ਵਿੱਚ ਹਿੱਸਾ ਪਾਉਂਦੇ ਹਨ ਅਤੇ ਓਨਟੇਰੀਓ ਨੂੰ ਦੁਨੀਆਂ ਭਰ ਵਿੱਚੋਂ ਪਸੰਦੀਦਾ ਮੰਜ਼ਿਲ ਬਣਾਉਂਦੇ ਹਨ। ਇਹ ਪ੍ਰੋਗਰਾਮ ਓਨਟੇਰੀਓ ਦੇ ਰੋਜ਼ਗਾਰਦਾਤਾਵਾਂ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਸਮੇਤ ਅੰਤਰਰਾਸ਼ਟਰੀ ਪੱਧਰ `ਤੇ ਸਿਖਲਾਈ-ਪ੍ਰਾਪਤ ਵਿਅਕਤੀਆਂ ਨੂੰ ਭਰਤੀ ਕਰਨ ਅਤੇ ਆਪਣੇ ਕੋਲ ਰੱਖ ਸਕਣ ਦੀ ਖੁੱਲ੍ਹ ਦਿੰਦਾ ਹੈ। ਇਹ ਅਜਿਹੇ ਰੋਜ਼ਗਾਰਦਾਤਾਵਾਂ ਲਈ ਮਦਦਗਾਰ ਹੁੰਦਾ ਹੈ ਜਿਨਾਂ ਨੂੰ ਲੋੜੀਂਦੇ ਹੁਨਰਮੰਦ ਕਾਮੇ ਲੱਭਣ ਵਿੱਚ ਔਖ ਆਉਂਦੀ ਹੈ।

ਇਮੀਗ੍ਰੇਸ਼ਨ ਵਿੱਚ ਫੈਡਰਲ ਅਤੇ ਸੂਬਾਈ, ਦੋਵੇਂ ਸਰਕਾਰਾਂ ਫਰਜ਼ ਅਦਾ ਕਰਦੀਆਂ ਹਨ। ਆਪਣੇ ਅੱਪਰਚਿਊਨਿਟੀਜ਼ ਓਨਟੇਰੀਓ (Opportunities Ontario) ਪ੍ਰੋਗਰਾਮ ਰਾਹੀਂ ਓਨਟੇਰੀਓ ਸਰਕਾਰ ਪੱਕੇ ਨਿਵਾਸੀ ਬਣਨ ਦੇ ਲਾਇਕ ਉਮੀਦਵਾਰ ਚੁਣ ਕੇ ਫੈਡਰਲ ਸਰਕਾਰ ਕੋਲ ਨਾਮਜ਼ਦ ਕਰੇਗੀ। ਪੱਕੇ ਨਿਵਾਸੀਆਂ ਦੇ ਤੌਰ `ਤੇ ਆਉਣ ਵਾਲਿਆਂ ਦੇ ਸਭ ਵੀਜ਼ਿਆਂ `ਤੇ ਕੈਨੇਡਾ ਸਰਕਾਰ ਵੱਲੋਂ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਜਾਂ ਸੀ.ਆਈ.ਸੀ. (Citizenship and Immigration Canada ਜਾਂ CIC) ਰਾਹੀਂ ਕਾਰਵਾਈ ਕੀਤੀ ਅਤੇ ਮਨਜ਼ੂਰੀ ਦਿੱਤੀ ਜਾਂਦੀ ਹੈ।

ਇਹ ਦਸਤਾਵੇਜ ਅੰਗਰੇਜ਼ੀ ਅਤੇ ਫਰਾਂਸੀਸੀ ਸਣੇ 25 ਵੱਖ-ਵੱਖ ਬੋਲੀਆਂ ਵਿੱਚ ਉਪਲਬਧ ਹੈ। ਭਾਵੇਂ ਕਿ ਜਾਣਕਾਰੀ ਨੂੰ ਦਰੁਸਤ ਰੱਖਣ ਲਈ ਹਰ ਕੋਸ਼ਿਸ਼ ਕੀਤੀ ਗਈ ਹੈ, ਅੱਪਰਚਿਊਨਿਟੀਜ਼ ਓਨਟੇਰੀਓ ਬਾਰੇ ਕੁੱਝ ਵੇਰਵੇ ਇਸ ਦੇ ਛਪਣ ਤੋਂ ਬਾਅਦ ਬਦਲ ਸਕਦੇ ਹਨ। ਪਾਤਰਤਾ ਅਤੇ ਅਰਜ਼ੀਆਂ ਦੀ ਕਾਰਵਾਈ ਬਾਰੇ ਤਾਜ਼ਾਤਰੀਨ ਜਾਣਕਾਰੀ ਅਤੇ ਅੱਪਰਚਿਊਨਿਟੀਜ਼ ਓਨਟੇਰੀਓ ਬਾਰੇ ਵਧੇਰੇ ਜਾਣਕਾਰੀ ਲਈ www.OntarioImmigration.ca ਵਿਖੇ ਮਨਿਸਟਰੀ ਆਫ਼ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ  ਜਾਂ ਐੱਮ.ਸੀ.ਆਈ. (Ministry of Citizenship and Immigration's  ਜਾਂ MCI) ਦੀ ਵੈੱਬਸਾਈਟ ਵੇਖੋ।

ਐੱਮ.ਸੀ.ਆਈ. (MCI) ਦੀ ਵੈੱਬਸਾਈਟ ਉੱਤੇ ਮੌਜੂਦ ਜਾਣਕਾਰੀ ਸਮੇਤ ਅੱਪਰਚਿਊਨਿਟੀਜ਼ ਓਨਟੇਰੀਓ ਦੇ ਦਸਤਾਵੇਜ ਅਤੇ ਸੇਵਾਵਾਂ ਸਿਰਫ ਅੰਗਰੇਜ਼ੀ ਅਤੇ ਫਰਾਂਸੀਸੀ ਬੋਲੀਆਂ ਵਿੱਚ ਹੀ ਉਪਲਬਧ ਹਨ।

**ਬੁਨਿਆਦੀ ਤੱਥ:**

- ਮਨਜ਼ੂਰਸ਼ੁਦਾ ਸੂਬਾਈ ਨਾਮਜ਼ਦਾਂ ਨੂੰ ਇੱਕ ਪ੍ਰੋਵਿੰਸ਼ਿਅਲ ਨਾਮੀਨੇਸ਼ਨ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ। ਅੱਪਰਚਿਊਨਿਟੀਜ਼ ਓਨਟੇਰੀਓ ਸਾਲਾਨਾ 1,000 ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਜੀਆਂ ਨੂੰ ਨਾਮਜ਼ਦ ਕਰ ਸਕਦਾ ਹੈ।
- ਅੱਪਰਚਿਊਨਿਟੀਜ਼ ਓਨਟੇਰੀਓ ਰੋਜ਼ਗਾਰਦਾਤਾਵਾਂ ਦੀਆਂ ਲੋੜਾਂ ਮੁਤਾਬਕ ਚੱਲਦਾ ਹੈ। ਇਸ ਦਾ ਮਤਲਬ ਹੈ ਕਿ ਇੱਕ ਵਿਅਕਤੀ ਦੇ ਤੌਰ `ਤੇ ਤੁਸੀਂ ਆਪਣੀ ਅਰਜ਼ੀ ਸਿਰਫ ਆਪਣੇ ਰੋਜ਼ਗਾਰਦਾਤਾ ਦੀ ਅਰਜ਼ੀ ਦਾ ਜਾਇਜ਼ਾ ਲਏ ਜਾਣ ਅਤੇ ਮਨਜ਼ੂਰ ਕੀਤੇ ਜਾਣ ਤੋਂ ਬਾਅਦ ਹੀ ਦੇ ਸਕਦੇ ਹੋ। ਮਨਜ਼ੂਰ ਹੋ ਜਾਣ `ਤੇ ਅੱਪਰਚਿਊਨਿਟੀਜ਼ ਓਨਟੇਰੀਓ ਵੱਲੋਂ ਤੁਹਾਡੇ ਲਈ ਅਰਜ਼ੀ ਦਾ ਇੱਕ ਪੁਲੰਦਾ ਤੁਹਾਡੇ ਰੋਜ਼ਗਾਰਦਾਤਾ ਨੂੰ ਭੇਜਿਆ ਜਾਵੇਗਾ।
- ਅਰਜ਼ੀਆਂ `ਤੇ ਵਾਰੀ ਸਿਰ ਕਾਰਵਾਈ ਕੀਤੀ ਜਾਂਦੀ ਹੈ ਅਤੇ ਪ੍ਰੋਗਰਾਮ ਦੇ ਮਾਪਦੰਡਾਂ ਮੁਤਾਬਕ ਉਨ੍ਹਾਂ ਦਾ ਜਾਇਜ਼ਾ ਲਿਆ ਜਾਂਦਾ ਹੈ। ਕਿਉਂਕਿ ਸਿਰਫ ਸੀਮਤ ਗਿਣਤੀ ਵਿੱਚ ਹੀ ਉਮੀਦਵਾਰ ਲਏ ਜਾ ਸਕਦੇ ਹਨ, ਇਸ ਲਈ ਰੋਜ਼ਗਾਰਦਾਤਾਵਾਂ ਨੂੰ ਪ੍ਰੇਰਿਆ ਜਾਂਦਾ ਹੈ ਕਿ ਉਹ ਆਪਣੀ ਵਾਰੀ ਹਾਸਲ ਕਰਨ ਲਈ ਛੇਤੀ ਅਰਜ਼ੀ ਦੇਣ।
- ਅੱਪਰਚਿਊਨਿਟੀਜ਼ ਓਨਟੇਰੀਓ ਦੇ ਹੇਠ ਦੱਸੇ ਮੁਤਾਬਕ ਦੋ ਵਰਗ ਹਨ:

1. ਔਪਰਚਿਊਨਿਟੀਜ਼ ਓਨਟੇਰੀਓ – ਆਮ ਵਰਗ

- **ਆਮ ਵਰਗ** ਓਨਟੇਰੀਓ ਦੇ ਅਜਿਹੇ ਰੋਜ਼ਗਾਰਦਾਤਾਵਾਂ ਲਈ ਖੁੱਲ੍ਹਾ ਹੈ ਜਿਹੜੇ ਵਿਦੇਸ਼ੀ ਕਾਮਿਆਂ ਨੂੰ ਪੱਕੇ ਤੌਰ `ਤੇ ਫੁੱਲ-ਟਾਈਮ ਰੋਜ਼ਗਾਰ ਮੁਹੱਈਆ ਕਰਨ। ਓਨਟੇਰੀਓ ਦੇ ਰੋਜ਼ਗਾਰਦਾਤਾਵਾਂ ਨੂੰ ਔਪਰਚਿਊਨਿਟੀਜ਼ ਓਨਟੇਰੀਓ ਨੂੰ ਅਗੇਤੀ ਜਾਂਚ ਅਤੇ ਨਾਮਜ਼ਦ ਅਸਾਮੀਆਂ ਦੀ ਮਨਜ਼ੂਰੀ ਲਈ ਅਰਜ਼ੀ ਦੇਣੀ ਪਵੇਗੀ।

- ਔਪਰਚਿਊਨਿਟੀਜ਼ ਓਨਟੇਰੀਓ ਵੱਲੋਂ ਓਨਟੇਰੀਓ ਦੇ ਰੋਜ਼ਗਾਰਦਾਤਾਵਾਂ ਨੂੰ ਲੋੜੀਂਦੇ ਹੁਨਰਮੰਦ ਕਾਮੇ ਲੱਭਣ ਦੀ ਖੁੱਲ੍ਹ ਦਿੱਤੀ ਜਾਂਦੀ ਹੈ। ਸਿਰਫ ਮੈਨੇਜਰਾਂ, ਪੇਸ਼ਾਵਰ ਵਿਅਕਤੀਆਂ ਅਤੇ ਹੁਨਰਮੰਦ ਕਾਰੀਗਰੀ ਦੇ ਕਿੱਤਿਆਂ ਦੀਆਂ ਅਰਜ਼ੀਆਂ `ਤੇ ਗੌਰ ਕੀਤਾ ਜਾਵੇਗਾ।

- ਮਨਜ਼ੂਰ ਅਸਾਮੀਆਂ ਲਈ ਰੋਜ਼ਗਾਰਦਾਤਾ ਵਿਦੇਸ਼ੀ ਕਾਮਿਆਂ ਜਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਭਰਤੀ ਕਰ ਸਕਦੇ ਹਨ, ਭਾਵੇਂ ਉਹ ਵਿਦੇਸ਼ ਵਿੱਚ ਹੋਣ ਜਾਂ ਕਾਨੂੰਨੀ ਤੌਰ `ਤੇ ਕੈਨੇਡਾ ਵਿੱਚ ਹੋਣ (ਆਰਜ਼ੀ ਵਿਦੇਸ਼ੀ ਕਾਮਿਆਂ, ਵਿਦਿਆਰਥੀਆਂ ਜਾਂ ਸੈਲਾਨੀਆਂ ਦੇ ਤੌਰ `ਤੇ)। ਸਾਰੇ ਸੰਭਾਵੀ ਨਾਮਜ਼ਦ ਵਿਅਕਤੀ ਜਿਹੜੇ ਕੈਨੇਡਾ ਵਿੱਚ ਸੈਰ-ਸਪਾਟੇ ਲਈ ਆਏ ਹੋਣ ਜਾਂ ਰਹਿ ਰਹੇ ਹੋਣ, ਉਨ੍ਹਾਂ ਨੂੰ ਆਪਣੀਆਂ ਅਰਜ਼ੀਆਂ ਦੇ ਨਾਲ ਆਪਣੇ ਇਮੀਗ੍ਰੇਸ਼ਨ ਦੇ ਰੁਤਬੇ ਦਾ ਸਬੂਤ ਲਾਉਣ ਲਈ ਕਿਹਾ ਜਾਵੇਗਾ।

- ਵਿਦੇਸ਼ੀ ਕਾਮਿਆਂ ਦਾ ਘੱਟੋ-ਘੱਟ ਦੋ ਸਾਲ ਦਾ ਕੰਮ ਦਾ ਤਜਰਬਾ ਵੀ ਲਾਜ਼ਮੀ ਹੋਣਾ ਚਾਹੀਦਾ ਹੈ ਜਾਂ, ਜੇ ਉਹ ਕਿਸੇ ਨੇਮਬੱਧ ਕੀਤੀ ਪੇਸ਼ੇ ਜਾਂ ਕਿੱਤੇ ਵਿਚਲੀ ਅਸਾਮੀ ਲਈ ਅਰਜ਼ੀ ਦੇ ਰਹੇ ਹੋਣ, ਤਾਂ ਉਨ੍ਹਾਂ ਦੀ ਢੁਕਵੀਂ ਰਜਿਸਟਰੇਸ਼ਨ ਵੀ ਹੋਈ ਹੋਣੀ ਚਾਹੀਦੀ ਹੈ।

- ਆਮ ਵਰਗ ਵਿੱਚ ਨਿਵੇਸ਼ਕਾਰਾਂ ਨੂੰ ਵੀ ਮੁੱਖ ਕਰਮਚਾਰੀ ਲਿਆਉਣ ਦੀ ਖੁੱਲ੍ਹ ਹੈ। ਪਾਤਰਤਾ ਲੈਣ ਲਈ ਉਨ੍ਹਾਂ ਦਾ ਨਿਵੇਸ਼ ਓਨਟੇਰੀਓ ਲਈ ਠੋਸ ਅਹਿਮੀਅਤ ਵਾਲਾ, ਓਨਟੇਰੀਓ ਵਾਸੀਆਂ ਲਈ ਰੋਜ਼ਗਾਰ ਪੈਦਾ ਕਰਨ ਵਾਲਾ, ਅਤੇ ਓਨਟੇਰੀਓ ਸਰਕਾਰ ਦੀ ਕਿਸੇ ਮਨਿਸਟਰੀ ਵੱਲੋਂ ਅਪਣਾਇਆ ਗਿਆ ਹੋਣਾ ਚਾਹੀਦਾ ਹੈ। ਜੇ ਤੁਸੀਂ ਕੋਈ ਨਿਵੇਸ਼ਕਾਰ ਹੋ ਅਤੇ ਵਧੇਰੇ ਵੇਰਵੇਦਾਰ ਜਾਣਕਾਰੀ ਚਾਹੁੰਦੇ ਹੋ ਤਾਂ www.OntarioImmigration.ca ਵੈੱਬਸਾਈਟ ਵੇਖੋ ਜੀ।

2.ਔਪਰਚਿਊਨਿਟੀਜ਼ ਓਨਟੇਰੀਓ – ਅੰਤਰਰਾਸ਼ਟਰੀ ਵਿਦਿਆਰਥੀ ਵਰਗ

- ਅੰਤਰਰਾਸ਼ਟਰੀ ਵਿਦਿਆਰਥੀ ਵਰਗ ਕੈਨੇਡਾ ਦੇ ਜਨਤਕ ਕਾਲਿਜਾਂ ਅਤੇ ਯੂਨੀਵਰਸਿਟੀਆਂ ਵਿੱਚੋਂ ਹਾਲ ਹੀ ਵਿੱਚ ਪਾਸ ਹੋਏ ਵਿਦਿਆਰਥੀਆਂ ਲਈ ਹੈ।

- ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ ਆਪਣੀ ਯੋਗ ਡਿਗਰੀ ਜਾਂ ਡਿਪਲੋਮੇ ਦਾ ਘੱਟੋ-ਘੱਟ ਅੱਧਾ ਹਿੱਸਾ ਕੈਨੇਡਾ ਵਿੱਚ ਮੁਕੰਮਲ ਕੀਤਾ ਹੋਣਾ ਚਾਹੀਦਾ ਹੈ।

- ਅੰਤਰਰਾਸ਼ਟਰੀ ਵਿਦਿਆਰਥੀ ਆਪਣੇ ਯੋਗ ਡਿਗਰੀ ਜਾਂ ਡਿਪਲੋਮੇ ਦੀ ਆਖ਼ਰੀ ਛਿਮਾਹੀ ਵਿੱਚ, ਜਾਂ ਪਾਸ ਹੋਣ ਦੇ ਦੋ ਸਾਲ ਦੇ ਅੰਦਰ-ਅੰਦਰ ਅਰਜ਼ੀ ਦੇ ਸਕਦੇ ਹਨ।

- ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਕੰਮ ਦੇ ਤਜਰਬੇ ਦੀ ਕੋਈ ਸ਼ਰਤ ਨਹੀਂ ਹੈ।

- ਆਮ ਵਰਗ ਵਾਂਗ ਹੀ, ਅੰਤਰਰਾਸ਼ਟਰੀ ਵਿਦਿਆਰਥੀਆਂ ਕੋਲ ਵੀ ਮੈਨੇਜਰਾਂ, ਪੇਸ਼ਾਵਰ ਵਿਅਕਤੀਆਂ ਅਤੇ ਹੁਨਰਮੰਦ ਕਾਰੀਗਰੀ ਦੇ ਕਿੱਤਿਆਂ ਵਿੱਚੋਂ ਕਿਸੇ ਵਿੱਚ ਫੁੱਲ-ਟਾਈਮ ਨੌਕਰੀ ਦੀ ਪੇਸ਼ਕਸ਼ ਹੋਣੀ ਚਾਹੀਦੀ ਹੈ।

**ਰੋਜ਼ਗਾਰਦਾਤਾਵਾਂ ਲਈ ਪਾਤਰਤਾ ਦੇ ਮਾਪਦੰਡ**

ਨਾਮਜ਼ਦ ਅਸਾਮੀਆਂ ਦੇ ਪਾਤਰ ਹੋਣ ਲਈ ਤੁਹਾਡੀ ਕੰਪਨੀ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦੀ ਹੋਵੇ:

1. ਕਿਸੇ ਰਜਿਸਟਰਡ ਅਦਾਰੇ ਦੇ ਤੌਰ `ਤੇ ਘੱਟੋ-ਘੱਟ ਤਿੰਨ ਸਾਲ ਤੋਂ ਲਗਾਤਾਰ ਅਤੇ ਸਰਗਰਮ ਕਾਰੋਬਾਰ ਕਰ ਰਹੀ ਹੋਵੇ;

2. ਉਸ ਕੋਲ ਓਨਟੇਰੀਓ ਵਿੱਚ ਕਾਰੋਬਾਰੀ ਜਗ੍ਹਾ ਹੋਵੇ ਜਿੱਥੇ ਸੰਭਾਵੀ ਨਾਮਜ਼ਦ ਦਾ ਰੋਜ਼ਗਾਰ ਹੋਵੇਗਾ;
3. ਗ੍ਰੇਟਰ ਟੋਰੰਟੋ ਏਰੀਆ (ਜੀ.ਟੀ.ਏ. ਜਾਂ GTA) ਵਿੱਚ ਸਥਿਤ ਕੰਪਨੀਆਂ ਵਾਸਤੇ ਪਿਛਲੇ ਵਿੱਤੀ ਵਰ੍ਹੇ ਵਿੱਚ ਘੱਟੋ-ਘੱਟ $10,00,000 ਦਾ ਕੁੱਲ ਮਾਲੀਆ ਹੋਵੇ; ਜਾਂ ਜੀ.ਟੀ.ਏ. ਤੋਂ ਬਾਹਰ ਸਥਿਤ ਕੰਪਨੀਆਂ ਵਾਸਤੇ ਪਿਛਲੇ ਵਿੱਤੀ ਵਰ੍ਹੇ ਵਿੱਚ ਕੋਲ ਘੱਟੋ-ਘੱਟ $5,00,000 ਦਾ ਕੁੱਲ ਮਾਲੀਆ ਹੋਵੇ; ਅਤੇ
4. ਜੀ.ਟੀ.ਏ. ਵਿੱਚ ਸਥਿਤ ਕੰਪਨੀਆਂ ਵਾਸਤੇ ਘੱਟੋ-ਘੱਟ 5 ਪੱਕੇ, ਫੁੱਲ-ਟਾਈਮ ਮੁਲਾਜ਼ਮ ਹੋਣ; ਜਾਂ ਜੀ.ਟੀ.ਏ. ਤੋਂ ਬਾਹਰ ਸਥਿਤ ਕੰਪਨੀਆਂ ਵਾਸਤੇ ਘੱਟੋ-ਘੱਟ 3 ਪੱਕੇ, ਫੁੱਲ-ਟਾਈਮ ਮੁਲਾਜ਼ਮ ਹੋਣ।

ਫੁੱਲ-ਟਾਈਮ ਨੌਕਰੀ ਵਿੱਚ ਤਨਖ਼ਾਹਦਾਰ ਨੌਕਰੀ ਦੇ ਕਿਸੇ 12-ਮਹੀਨੇ ਦੇ ਅਰਸੇ ਦੌਰਾਨ 1,560 ਘੰਟੇ ਹੁੰਦੇ ਹਨ। ਹੇਠ ਲਿਖਿਆਂ ਨੂੰ ਫੁੱਲ-ਟਾਈਮ ਰੋਜ਼ਗਾਰ ਨਹੀਂ ਮੰਨਿਆ ਜਾਂਦਾ ਭਾਵੇਂ ਤੁਸੀਂ 12 ਮਹੀਨਿਆਂ ਦੇ ਕਿਸੇ ਅਰਸੇ ਦੌਰਾਨ ਕੰਮ ਦੇ 1,560 ਘੰਟੇ ਪੂਰੇ ਵੀ ਕਰ ਲਵੋਂ:

- ਮੌਸਮੀ, ਮਿਆਦੀ ਚੱਕਰ ਵਾਲੇ, ਜਾਂ ਪਾਰਟ-ਟਾਈਮ ਕਰਮਚਾਰੀ ਭਾਵੇਂ ਉਨ੍ਹਾਂ ਨੇ ਕਿੰਨੇ ਵੀ ਘੰਟੇ ਕੰਮ ਕਿਉਂ ਨਾ ਕੀਤਾ ਹੋਵੇ
- ਉਪ-ਠੇਕੇਦਾਰ ਜਾਂ ਏਜੰਸੀਆਂ ਰਾਹੀਂ ਕੰਮ-ਕਾਜ ਕਰਨ ਵਾਲੇ
- ਅਜਿਹੇ ਕਰਮਚਾਰੀ ਜਿਹੜੇ ਕਿਸੇ ਕੰਪਨੀ ਦੀ ਜਗ੍ਹਾ ਤੋਂ ਕੰਮ ਨਾ ਕਰਨ, ਜਿਵੇਂ ਅਜਿਹੇ ਕਰਮਚਾਰੀ ਜਿਹੜੇ ਘਰੋਂ ਕੰਮ ਕਰਨ, ਜਾਂ ਕਿਸੇ "ਵਰਚੂਅਲ" ਜਗ੍ਹਾ ਤੋਂ ਕੰਮ ਅੰਜਾਮ ਦੇਣ ਵਾਲੇ ਕਰਮਚਾਰੀ ਜਿਹੜੇ ਸੰਚਾਰ ਪ੍ਰਣਾਲੀਆਂ ਰਾਹੀਂ ਰੋਜ਼ਗਾਰਦਾਤਾ ਨੂੰ ਸੇਵਾ ਪੇਸ਼ ਕਰਨ।

**ਅਰਜ਼ੀ ਦੀ ਕਾਰਵਾਈ:**
ਅਰਜ਼ੀ ਦੀ ਕਾਰਵਾਈ ਦੇ ਦੋ ਪੜਾਅ ਹਨ: ਅਰਜ਼ੀ ਦੀ ਅਗੇਤੀ ਜਾਂਚ (ਸਿਰਫ ਰੋਜ਼ਗਾਰਦਾਤਾਵਾਂ ਵਾਸਤੇ), ਅਤੇ ਨਾਮਜ਼ਦ ਦੀ ਅਰਜ਼ੀ (ਸਿਰਫ ਵਿਅਕਤੀਆਂ ਵਾਸਤੇ)।

**ਪਹਿਲਾ ਪੜਾਅ – ਅਰਜ਼ੀ ਦੀ ਅਗੇਤੀ ਜਾਂਚ:**

- ਅਰਜ਼ੀ ਦੀ ਕਾਰਵਾਈ ਸ਼ੁਰੂ ਕਰਨ ਲਈ ਰੋਜ਼ਗਾਰਦਾਤਾ *ਅੱਪਰਚਿਊਨਿਟੀਜ਼ ਓਨਟੇਰੀਓ* ਕੋਲ ਇੱਕ *ਅਗੇਤੀ ਜਾਂਚ ਦੀ ਅਰਜ਼ੀ* (*ਪ੍ਰੀ-ਸਕਰੀਨ ਐਪਲੀਕੇਸ਼ਨ*) ਦਾਇਰ ਕਰਦੇ ਹਨ।
- ਬਿਨੈਕਾਰ ਰੋਜ਼ਗਾਰਦਾਤਾਵਾਂ ਨੂੰ ਚਾਹੀਦਾ ਹੈ ਕਿ ਜਿੰਨੀ ਵੀ ਛੇਤੀ ਹੋ ਸਕੇ, ਆਪਣੀ ਅਰਜ਼ੀ ਦਾਇਰ ਕਰ ਦੇਣ।
- ਅੱਪਰਚਿਊਨਿਟੀਜ਼ ਓਨਟੇਰੀਓ ਅਗੇਤੀ ਜਾਂਚ ਲਈ ਅਰਜ਼ੀਆਂ ਸਿਰਫ ਡਾਕ ਰਾਹੀਂ, ਕੁਰੀਅਰ ਰਾਹੀਂ ਜਾਂ ਦਸਤੀ ਲਿਆਂਦੇ ਜਾਣ `ਤੇ ਹੀ ਮਨਜ਼ੂਰ ਕਰੇਗਾ।
- ਅੱਪਰਚਿਊਨਿਟੀਜ਼ ਓਨਟੇਰੀਓ ਆਪਣਾ ਫੈਸਲਾ ਬਿਨੈਕਾਰ ਰੋਜ਼ਗਾਰਦਾਤਾਵਾਂ ਨੂੰ ਲਿਖਤੀ ਦੇਵੇਗਾ। ਮੁਕੰਮਲ ਅਰਜ਼ੀ ਪ੍ਰਾਪਤ ਹੋਣ ਤੋਂ ਬਾਅਦ ਸਾਡਾ ਨਿਸ਼ਾਨਾ 90 ਦਿਨ ਵਿੱਚ ਕਾਰਵਾਈ ਮੁਕਾ ਕੇ ਤੁਹਾਨੂੰ ਇਤਲਾਹ ਦੇਣ ਦਾ ਹੈ।
- *ਨਿਵੇਸ਼ਕਾਰਾਂ ਨੂੰ* ਅਗੇਤੀ ਜਾਂਚ ਦੀ ਅਰਜ਼ੀ ਅੱਪਰਚਿਊਨਿਟੀਜ਼ ਓਨਟੇਰੀਓ ਕੋਲ ਦਾਇਰ ਨਹੀਂ ਕਰਨੀ ਚਾਹੀਦੀ। ਪਾਤਰਤਾ ਲਈ ਨਿਵੇਸ਼ਕਾਰਾਂ ਨੂੰ ਪਹਿਲਾਂ ਓਨਟੇਰੀਓ ਸਰਕਾਰ ਦੀ ਕਿਸੇ ਮਨਿਸਟਰੀ ਤੋਂ ਪ੍ਰਵਾਨਗੀ ਲੈਣੀ ਪੈਂਦੀ ਹੈ। ਵਧੇਰੇ ਵੇਰਵੇ ਲਈ ਮਿਹਰਬਾਨੀ ਕਰ ਕੇ www.OntarioImmigration.ca ਵੇਖੋ।

**ਦੂਜਾ ਪੜਾਅ – ਨਾਮਜ਼ਦ ਦੀ ਅਰਜ਼ੀ:**

- ਜੇ ਤੁਹਾਡੀ ਵਿਉਂਤ ਅੱਪਰਚਿਊਨਿਟੀਜ਼ ਓਨਟੇਰੀਓ ਨੂੰ ਅਰਜ਼ੀ ਦੇਣ ਦੀ ਹੈ, ਤੁਹਾਨੂੰ ਅਰਜ਼ੀ ਮੁਕੰਮਲ ਕਰਨ ਦੇ ਖਾਸ ਵੇਰਵਿਆਂ ਬਾਰੇ ਜਾਣਕਾਰੀ ਲਈ www.OntarioImmigration.ca ਵੈੱਬਸਾਈਟ ਵੇਖਣੀ ਚਾਹੀਦੀ ਹੈ। ਇੱਥੇ ਸਿਰਫ ਆਮ ਜਾਣਕਾਰੀ ਹੀ ਦਿੱਤੀ ਜਾ ਰਹੀ ਹੈ।

- ਨਾਮਜ਼ਦ ਦੇ ਤੌਰ `ਤੇ ਆਪਣੀ ਅਰਜ਼ੀ ਤੁਸੀਂ ਆਪਣੇ ਰੋਜ਼ਗਾਰਦਾਤਾ ਵੱਲੋਂ ਪਹਿਲਾ ਪੜਾਅ ਪੂਰਾ ਕਰ ਲਏ ਜਾਣ ਤੋਂ ਬਾਅਦ ਜਦੋਂ ਉਸ ਨੂੰ ਨਾਮਜ਼ਦ ਦੀ ਅਸਾਮੀ ਭਰਨ ਲਈ ਮਨਜ਼ੂਰੀ ਮਿਲ ਜਾਵੇ,ਅਤੇ ਉਹ ਤੁਹਾਨੂੰ ਅੱਪਰਚਿਊਨਿਟੀਜ਼ ਓਨਟੇਰੀਓ ਵੱਲੋਂ ਮਿਲਿਆ ਅਰਜ਼ੀ ਦਾ ਪੁਲੰਦਾ ਦੇ ਦੇਵੇ, ਹੀ ਦੇ ਸਕਦੇ ਹੋ।
- ਵਰਗ ਦਾ ਧਿਆਨ ਰੱਖੇ ਬਿਨਾ ਸਾਰੇ ਸੰਭਾਵੀ ਨਾਮਜ਼ਦਾਂ ਨੂੰ ਜਾਇਜ਼ੇ ਲਈ ਆਪਣੀ ਅਰਜ਼ੀ ਅੱਪਰਚਿਊਨਿਟੀਜ਼ ਓਨਟੇਰੀਓ ਕੋਲ ਦਾਇਰ ਕਰਨੀ ਪਵੇਗੀ।
- ਅੱਪਰਚਿਊਨਿਟੀਜ਼ ਓਨਟੇਰੀਓ ਆਪਣਾ ਫੈਸਲਾ ਸਾਰੇ ਨਾਮਜ਼ਦ ਉਮੀਦਵਾਰਾਂ ਨੂੰ ਲਿਖਤੀ ਦੇਵੇਗਾ। <u>ਮੁਕੰਮਲ</u> ਅਰਜ਼ੀ ਮਿਲਣ ਤੋਂ ਬਾਅਦ ਕਾਰਵਾਈ ਮੁਕਾ ਕੇ ਇਤਲਾਹ ਦੇਣ ਦਾ ਸਾਡਾ ਨਿਸ਼ਾਨਾ 90 ਦਿਨ ਦਾ ਹੈ।
- ਜਿਨ੍ਹਾਂ ਨਾਮਜ਼ਦਾਂ ਦੀਆਂ ਅਰਜ਼ੀਆਂ ਮਨਜ਼ੂਰ ਹੋ ਜਾਣ, ਉਨ੍ਹਾਂ ਨੂੰ ਨਾਮਜ਼ਗੀ ਮਿਲਣ ਦੇ 6 ਮਹੀਨਿਆਂ ਦੇ ਅੰਦਰ-ਅੰਦਰ ਪੱਕੇ ਨਿਵਾਸੀ ਬਣਨ ਦੀ ਅਰਜ਼ੀ ਸੀ.ਆਈ.ਸੀ. ਨੂੰ ਦੇਣੀ ਪਵੇਗੀ।
- ਸੂਬਾਈ ਨਾਮਜ਼ਦਗੀ ਮਿਲ ਜਾਣ ਦਾ ਮਤਲਬ ਕੈਨੇਡਾ ਵਿੱਚ ਕਾਨੂੰਨੀ ਤੌਰ `ਤੇ ਪੱਕੇ ਨਿਵਾਸੀ ਦੇ ਤੌਰ `ਤੇ ਰੁਤਬਾ ਮਿਲ ਜਾਣਾ ਨਹੀਂ ਹੁੰਦਾ। ਜਦੋਂ ਤਕ ਨਾਮਜ਼ਦਾਂ ਨੂੰ ਪੱਕੇ ਨਿਵਾਸੀ ਦਾ ਰੁਤਬਾ ਮਿਲ ਨਾ ਜਾਵੇ, ਉਨ੍ਹਾਂ ਨੂੰ ਕੈਨੇਡਾ ਵਿੱਚ ਰਹਿਣ ਲਈ ਸਹੀ ਮਨਜ਼ੂਰੀ ਦੀ ਲੋੜ ਪਵੇਗੀ।
- ਓਨਟੇਰੀਓ ਵੱਲੋਂ ਨਾਮਜ਼ਦ ਕੀਤੇ ਵਿਅਕਤੀਆਂ ਨੂੰ ਮੁੱਖ ਬਿਨੈਕਾਰ ਅਤੇ ਨਾਲ ਆਉਣ ਵਾਲੇ ਸਭ ਪਰਿਵਾਰਕ ਜੀਆਂ ਲਈ ਡਾਕਟਰੀ ਅਤੇ ਪਿਛੋਕੜ ਦੀ ਜਾਂਚ ਸਮੇਤ ਸੀ.ਆਈ.ਸੀ. ਦੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ।
- ਸੀ.ਆਈ.ਸੀ. ਵੱਲੋਂ ਸੂਬਾਈ ਨਾਮਜ਼ਦਾਂ ਨੂੰ ਤਰਜੀਹ ਮਿਲੇਗੀ।
- ਕਾਮਯਾਬ ਸੂਬਾਈ ਨਾਮਜ਼ਦਗੀ ਇਮੀਗ੍ਰੇਸ਼ਨ ਦੇ ਹੋਰ ਵਰਗਾਂ, ਜਿਵੇਂ ਫੈਡਰਲ ਸਕਿੱਲਡ ਵਰਕਰ ਕਲਾਸ, ਅਤੇ ਫੈਮਿਲੀ ਕਲਾਸ ਤਹਿਤ ਚੁਣੇ ਜਾਣ ਦੀ ਜਗ੍ਹਾ ਲੈਂਦੀ ਹੈ।
- ਜਦੋਂ ਵੀ ਬੇਨਤੀ ਕੀਤੀ ਜਾਵੇ, ਅੱਪਰਚਿਊਨਿਟੀਜ਼ ਓਨਟੇਰੀਓ ਵਰਕ ਪਰਮਿਟ ਦੀਆਂ ਅਰਜ਼ੀਆਂ ਦੀ ਹਿਮਾਇਤ ਕਰੇਗਾ। ਵਰਕ ਪਰਮਿਟ ਜਾਰੀ ਕਰਨ ਦੀ ਜ਼ਿੰਮੇਵਾਰੀ ਸੀ.ਆਈ.ਸੀ. ਦੀ ਹੈ ਅਤੇ ਬਿਨੈਕਾਰਾਂ ਨੂੰ ਇਸ ਗੱਲ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਆਪਣੇ ਜਾਤੀ ਹਾਲਾਤ `ਤੇ ਢੁਕਦੀਆਂ ਵਰਕ ਪਰਮਿਟ ਦੀਆਂ ਸ਼ਰਤਾਂ ਜਾਂਚ ਲੈਣ। ਜੇ ਵਰਕ ਪਰਮਿਟ ਮਿਲ ਜਾਵੇ ਤਾਂ ਇਸ ਨਾਲ ਨਾਮਜ਼ਦ ਓਨਟੇਰੀਓ ਆ ਕੇ ਆਪਣੇ ਰੋਜ਼ਗਾਰਦਾਤਾ ਲਈ ਕੰਮ-ਕਾਜ ਆਰੰਭ ਕਰ ਸਕੇਗਾ, ਜਿਸ ਦੌਰਾਨ ਸੀ.ਆਈ.ਸੀ. ਵੱਲੋਂ ਉਸ ਦੀ ਪੱਕੇ ਨਿਵਾਸੀ ਬਣਨ ਦੀ ਅਰਜ਼ੀ `ਤੇ ਕਾਰਵਾਈ ਮੁਕੰਮਲ ਹੁੰਦੀ ਰਹੇਗੀ।

**ਸਾਡੇ ਨਾਲ ਸੰਪਰਕ ਕਿਵੇਂ ਕੀਤਾ ਜਾ ਸਕਦਾ ਹੈ:**

ਸੰਪਰਕ ਕਰਨ ਬਾਰੇ ਵੇਰਵੇਦਾਰ ਜਾਣਕਾਰੀ, ਪਾਤਰਤਾ ਦੀਆਂ ਸ਼ਰਤਾਂ, ਅਰਜ਼ੀਆਂ ਬਾਰੇ ਜਾਣਕਾਰੀ, ਅਤੇ ਪ੍ਰੋਗਰਾਮ ਬਾਰੇ ਆਮ ਸਵਾਲਾਂ ਸਣੇ ਅੱਪਰਚਿਊਨਿਟੀਜ਼ ਓਨਟੇਰੀਓ ਬਾਰੇ ਹੋਰ ਜਾਣਕਾਰੀ ਲਈ www.OntarioImmigration.ca ਵਿਖੇ ਸਾਡੀ ਵੈੱਬਸਾਈਟ ਵੇਖੋ ਜੀ।